150TE/D

ਵੱਲੋਂ

ਡਾਇਰੈਕਟਰ,ਤਕਨੀਕੀ ਸਿੱਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ,
(ਤਕਨੀਕੀ ਸਿੱਖਿਆ ਵਿੰਗ), ਚੰਡੀਗੜ੍ਹ।

ਸੇਵਾ ਵਿੱਚ

ਪ੍ਰਿੰਸੀਪਲ,
ਰਾਜ ਦੇ ਸਾਰੇ ਸਰਕਾਰੀ ਬਹੁਤਕਨੀਕੀ ਕਾਲਜ,
ਗੈਰ-ਸਰਕਾਰੀ ਬਹੁਤਕਨੀਕੀ(ਏਡਿਡ) ਕਾਲਜ,
ਪ੍ਰਾਈਵੇਟ ਬਹੁਤਕਨੀਕੀ ਕਾਲਜ।

ਮੀਮੋ ਨੰ: 150ਟੀਈ/ਕੰਡਕਟ/ਸ-1/ 7069-7204
ਮਿਤੀ: 7-12-2010

ਵਿਸ਼ਾ:- ਡਿਪਲੋਮਾ ਪੱਧਰ ਦੀਆਂ ਸੰਸਥਾਵਾਂ ਵਿੱਚ ਸਾਲ 2011-12 ਲਈ ਵਾਧੂ ਕੋਰਸ ਸ਼ੁਰੂ ਕਰਨ/ ਸੀਟਾਂ ਵਿੱਚ ਵਾਧਾ-ਘਾਟਾ/ ਚਲਦੇ ਕੋਰਸਾਂ ਦੀ ਅਪਰੂਵਲਾਂ ਵਿੱਚ ਅੱਗੋਂ ਵਾਧਾ ਕਰਨ ਬਾਰੇ।

ਇਸ ਸਬੰਧ ਵਿੱਚ ਇਹ ਦੱਸਿਆ ਜਾਂਦਾ ਹੈ ਕਿ ਸੰਸਥਾਵਾਂ ਵਿੱਚ ਵਾਧੂ ਕੋਰਸ ਸ਼ੁਰੂ ਕਰਨ/ਸੀਟਾਂ ਵਿੱਚ ਵਾਧਾ-ਘਾਟਾ ਕਰਨ ਅਤੇ ਚੱਲਦੇ ਕੋਰਸਾਂ ਦੀ ਅੱਗੋਂ ਅਪਰੂਵਲ ਵਿੱਚ ਵਾਧਾ ਕਰਨ ਬਾਰੇ ਸਬੰਧਤ ਪ੍ਰੋਫਾਰਮੇ ਤੇ ਅਪਲਾਈ ਕਰਨ ਲਈ ਪ੍ਰੋਫਾਰਮਾ ਇਸ ਦਫਤਰ ਦੀ ਵੈਬ-ਸਾਈਟ **www.dtepunjab.gov.in** ਤੇ ਉਪਲਬੱਧ ਹੈ। ਜੇਕਰ ਕੋਈ ਸੰਸਥਾ ਅਪਲਾਈ ਕਰਨ ਲਈ ਪ੍ਰੋਫਾਰਮਾ ਇਸ ਦਫਤਰ ਤੋਂ ਪ੍ਰਾਪਤ ਕਰਨਾ ਚਾਹੁੰਦੀ ਹੈ ਤਾਂ ਉਸ ਨੂੰ 500/-ਰੁ: ਦਾ ਡਰਾਫਟ ਡਾਇਰੈਕਟਰ ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਜੀ ਦੇ ਨਾਮ ਤੇ, ਜੋ ਚੰਡੀਗੜ੍ਹ ਵਿਖੇ ਭੁਗਤਾਨਯੋਗ ਹੋਵੇ, ਦੇ ਕੇ ਐਪਲੀਕੇਸ਼ਨ ਫਾਰਮ ਪ੍ਰਾਪਤ ਕਰ ਸਕਦੀ ਹੈ।

ਏ.ਆਈ.ਸੀ.ਟੀ.ਈ. ਵੱਲੋਂ ਸੰਸਥਾਵਾਂ ਵਿੱਚ ਦੋ ਸ਼ਿਫਟਾਂ ਵਿੱਚ ਪੜ੍ਹਾਈ ਕਰਵਾਉਣ ਲਈ ਦੂਜੀ ਸਿਫਟ ਸੁਰੂ ਕਰਨ ਲਈ ਅਰਜ਼ੀਆ ਏ.ਆਈ.ਸੀ.ਟੀ.ਈ. ਵੱਲੋਂ ਨਿਰਧਾਰਤ ਪ੍ਰੋਫਾਰਮੇ ਤੇ ਭੇਜੀਆਂ ਜਾਣ। ਇਹ ਪ੍ਰੋਫਾਰਮਾ ਇਸ ਦਫਤਰ ਦੀ ਵੈਬਸਾਈਟ **www.dtepunjab.gov.in** ਤੇ ਉਪਲਬੱਧ ਹੈ।ਜੇਕਰ ਕੋਈ ਸੰਸਥਾ ਦੂਜੀ ਸ਼ਿਫਟ ਲਈ ਅਪਲਾਈ ਕਰਨ ਲਈ ਪ੍ਰੋਫਾਰਮਾ ਇਸ ਦਫਤਰ ਤੋਂ ਪ੍ਰਾਪਤ ਕਰਨਾ ਚਾਹੁੰਦੀ ਹੈ ਤਾਂ ਉਸ ਨੂੰ 500/-ਰੁ: ਦਾ ਡਰਾਫਟ ਡਾਇਰੈਕਟਰ ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਜੀ ਦੇ ਨਾਮ ਤੇ, ਜੋ ਚੰਡੀਗੜ੍ਹ ਵਿਖੇ ਭੁਗਤਾਨਯੋਗ ਹੋਵੇ, ਦੇ ਕੇ ਐਪਲੀਕੇਸ਼ਨ ਫਾਰਮ ਪ੍ਰਾਪਤ ਕਰ ਸਕਦੀ ਹੈ।

ਉਪਰੋਕਤ ਅਨੁਸਾਰ ਸੰਸਥਾਵਾਂ ਵਿੱਚ ਵਾਧੂ ਕੋਰਸ ਸ਼ੁਰੂ ਕਰਨ/ਸੀਟਾਂ ਵਿੱਚ ਵਾਧਾ-ਘਾਟਾ ਕਰਨ ਅਤੇ ਚੱਲਦੇ ਕੋਰਸਾਂ ਦੀ ਅੱਗੋਂ ਅਪਰੂਵਲ ਵਿੱਚ ਵਾਧਾ ਕਰਨ ਬਾਰੇ ਸਬੰਧਤ ਪ੍ਰੋਫਾਰਮੇ ਤੇ ਐਪਲੀਕੇਸ਼ਨ ਅਤੇ ਦੂਜੀ ਸ਼ਿਫਟ ਸੁਰੂ ਕਰਨ ਲਈ ਐਪਲੀਕੇਸ਼ਨ ਨਾਲ ਤਜੀਵਜ ਪੇਸ਼ ਕਰਨ ਸਮੇਂ 5000/-ਰੁ: ਦੀ ਪ੍ਰੋਸੈਸਿੰਗ ਫੀਸ ਡਿਮਾਂਡ ਡਰਾਫਟ ਦੇ ਰੂਪ ਵਿੱਚ ਹਰੇਕ ਅਰਜੀ ਦੇ ਨਾਲ ਵੱਖ ਵੱਖ ਪ੍ਰੇਸ ਕਰਨਗੇ। ਸਰਕਾਰੀ ਸੰਸਥਾਵਾਂ ਨੂੰ ਪ੍ਰੋਫਾਰਮੇ ਦੇ ਨਾਲ 5000/-ਰੁ: ਫੀਸ ਤੇ ਛੋਟ ਹੋਵੇਗੀ। ਏ.ਆਈ.ਸੀ.ਟੀ.ਈ. ਦੇ ਨਾਰਮਾਂ ਅਨੁਸਾਰ ਮਿਤੀ 30.6.2011 ਤੱਕ ਏ.ਆਈ.ਸੀ.ਟੀ.ਈ. ਤੋਂ ਅਪਰੂਵਲਾਂ ਪ੍ਰਾਪਤ ਕੀਤੀਆਂ ਜਾਣੀਆਂ ਹਨ, ਇਸ ਲਈ ਲੋੜੀਂਦਾ ਪ੍ਰੋਸੈਸ ਸਮੇਂ ਸਿਰ ਸ਼ੁਰੂ ਕਰਨ ਲਈ ਅਰਜ਼ੀਆਂ ਪ੍ਰਾਪਤ ਕਰਨ ਦੀ ਅੰਤਿਮ 15.1.2011 ਰੱਖੀ ਜਾਂਦੀ ਹੈ। ਇਹ ਬੇਨਤੀ ਕੀਤੀ ਜਾਂਦੀ ਹੈ ਕਿ ਅਰਜੀਆਂ ਹਰ ਪੱਖੋਂ ਮੁਕੰਮਲ ਕਰਦੇ ਮਿਥੀ ਮਿਤੀ ਤੱਕ ਭੇਜੀਆਂ ਜਾਣ। ਇਸ ਅਰਜੀ ਦੀ ਇਕ ਨਕਲ ਏ.ਆਈ.ਸੀ.ਟੀ.ਈ. ਦੇ ਦਫਤਰ ਵਿੱਚ ਜਮ੍ਹਾਂ ਕਰਵਾਕੇ ਉਸ ਦੀ ਰਸੀਦ ਪ੍ਰਾਪਤ ਕਰਕੇ ਇਸ ਦਫਤਰ ਵਿੱਚ ਦਿੱਤੀ ਜਾਣ ਵਾਲੀ ਅਰਜੀ ਨਾਲ ਲਗਾਕੇ ਭੇਜੀ ਜਾਵੇ।

ਵਧੀਕ ਡਾਇਰੈਕਟਰ,
ਵਾ:ਡਾਇਰੈਕਟਰ,ਤਕਨੀਕੀ ਸਿੱਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ।

ਪਿੱਠ ਅੰਕਣ ਨੰ: /ਕੰਡਕਟ ਮਿਤੀ

ਇਸ ਦਾ ਉਤਾਰਾ ਸ਼੍ਰੀ ਰਾਜੀਵ, ਪ੍ਰੋਗਰਾਮਰ ਨੂੰ ਭੇਜਦਿਆਂ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਨੂੰ ਵਿਭਾਗ ਦੀ ਵੈਬ ਸਾਈਟ ਤੇ ਪਾਉਣ ਦੀ ਕ੍ਰਿਪਾਲਤਾ ਕੀਤੀ ਜਾਵੇ।

ਵਧੀਕ ਡਾਇਰੈਕਟਰ,
ਵਾ:ਡਾਇਰੈਕਟਰ,ਤਕਨੀਕੀ ਸਿੱਖਿਆ ਅਤੇ,
ਉਦਯੋਗਿਕ ਸਿਖਲਾਈ ਵਿਭਾਗ,ਪੰਜਾਬ।